ਸਭ ਹੱਕ ਕਰਤਾ ਦੇ ਅਧੀਨ ਹਨ

੧ ੴ ਸਤਿ ਗੁਰ ਪ੍ਰਸਾਦਿ ॥

# ਗੁਰਮਤ ਨਿਰਣਯ ਭੰਡਾਰ

## ਭਾਗ ਦੂਜਾ

SARDAR DYAL SINGH LIBRARY LAHORE

ਜਿਸਨੂੰ

ਸ੍ਰੀ ਮਾਨ ਗਿਆਨੀ ਲਾਲ ਸਿੰਘ ਜੀ ਸੰਗਰੂਰ

ਸੇਵਕ { ਪੰਚ ਖਾਲਸਾ ਦੀਵਾਨ<br>ਅਰਥਾਤ<br>ਖਾਲਸਾ ਪਾਰਲੀਮੈਂਟ } ਨੇ

ਗੁਰ ਸਿੱਖ ਪ੍ਰੇਮੀਆਂ ਦੇ ਲਾਭ ਹਿਤ ਪ੍ਰਕਾਸ਼ਤ ਕੀਤਾ।

---

ਸ: ਬੁਧ ਸਿੰਘ ਵਾਲੇ
ਸ੍ਰੀ ਗੁਰਮਤ ਪ੍ਰੈਸ ਅੰਮ੍ਰਿਤਸਰ ਵਿਖੇ ਛਪਿਆ।
ਪ੍ਰਿੰਟਰ—ਗ੍ਯਾਨੀ ਮਹਿੰਦਰ ਸਿੰਘ 'ਰਤਨ'

ਭੇਟਾ ੨॥) ਢਾਈ ਰੁਪਯੇ ਜੁਲਾਈ ੧੯੪੪

# ਭੂਮਿਕਾ

ਗੁਰਮਤ ਨਿਰਣਯ ਭੰਡਾਰ ਦੇ ਪ੍ਰਿਥਮ ਭਾਗ ਵਿਖੇ ੧੪੩੦ ਪੰਨੇ ਵਾਲੀ ਛਪੀ ਹੋਈ ਬੀੜ ਦੇ ਪੰਨੇ ਅਤੇ ਸਤਰਾਂ ਲਾ ਕੇ ਪ੍ਰਸੰਗ, ਸਾਖੀਆਂ, ਨਿਰਣਯ, ਵਿਆਖਿਆ, ਨਾਮ ਤੇ ਜੀਵਨ ਪਦਾਰਥ, ਗੁਰਮਤ ਸਿਧਾਂਤ, ਗੁਰਬਾਣੀ ਵੇਰਵੇ, ਭਗਤਾਂ ਦੇ ਜੀਵਨ, ਪਿਛਲੇ ਮਹਾਤਮਾਵਾਂ ਦੇ ਜ਼ਿਕਰ, ਮਤ ਮਤਾਂਤਰਾਂ ਦੇ ਹਾਲ, ਮਜ਼ੁਬਾਂ ਦੇ ਅਸੂਲ ਤੇ ਸੰਸਕਾਰ, ਪ੍ਰਥਾਇ ਬਚਨਾਂ ਦੇ ਨਿਰਣਯ, ਸਿਟਾ ਕੀ ਇਸ ਤਰਾਂ ਦੇ ਹਜ਼ਾਰਾਂ ਪ੍ਰਸੰਗ ਹਨ, ਇਨ੍ਹਾਂ ਤੋਂ ਬਿਨਾਂ ਕੁਛ ਐਸੇ ਪ੍ਰਸੰਗ ਭੀ ਸਨ ਜੋ ਕਿ ਉਸ ਵਿਚ ਨਹੀਂ ਲਿਖੇ ਜਾ ਸਕੇ, ਜਿਸ ਕਰਕੇ ਓਹ ਪ੍ਰਸੰਗ ਇਸ ਦੂਸਰੇ ਭਾਗ ਵਿਖੇ ਲਿਖੇ ਗਏ ਹਨ, ਪੂਰਨ ਨਿਸਚਾ ਹੈ ਪਾਠਕ ਜਨ ਇਸ ਤੋਂ ਲਾਭ ਪ੍ਰਾਪਤ ਕਰਕੇ ਦਾਸ ਦੀ ਮੇਹਨਤ ਨੂੰ ਸਫਲਿਆ ਕਰਨਗੇ।

ਦਾਸ–ਲਾਲ ਸਿੰਘ, ਕਰਤਾ–ਸਿੱਖ ਕਾਨੂੰਨ ਅਤੇ ਤਵਾਰੀਖ
ਗੁਰੂ ਖਾਲਸਾ ਪੰਥ ਆਦਿ

## ਕੁਦਰਤੀ ਕਾਨੂੰਨ ਤੋਂ ਵਿਰੁੱਧ ਜਨਮ ਮ੍ਰਯਾਦਾਵਾਂ

ਗੁਰਵਾਕ ਹੈ "ਮਾਤ ਪਿਤਾ ਬਿਨ ਬਾਲ ਨ ਹੋਈ" ਪਰ ਪੁਰਾਣੀ ਦੁਨੀਆਂ ਦੇ ਗ੍ਰੰਥਾਂ ਵਿਚ ਇਸ ਕੁਦਰਤੀ ਨਿਯਮਾਂ ਤੋਂ ਵਿਰੁਧ ਉਤਪਤੀ ਲਿਖੀ ਹੈ। ਹਜ਼ਰਤ ਈਸ਼ਾ ਜੀ ਦਾ ਜਨਮ ਕੁਆਰੀ ਕੰਨਿਆਂ ਹਜ਼ਰਤ ਮਰੀਯਮ ਤੋਂ ਲਿਖਿਆ ਹੈ।

ਕਿਤੇ ਮਾਨੁਖ, ਹਿਰਨੀਆਂ, ਮਛੀਆਂ, ਡੱਡੀਆਂ, ਘੋੜੀਆਂ ਆਦਿ ਤੋਂ ਜਨਮੇਂ ਦਸੇ ਹਨ। ਵੀਰਯ ਦੇ ਘੜੇ ਵਿੱਚ ਰੱਖਣ ਨਾਲ ਜਨਮੇ, ਇਸ ਤੋਂ ਬਿਨਾਂ ਕਈਆਂ ਨੇ ਹਜ਼ਾਰਾਂ ਬਾਹਾਂ, ਮੂੰਹ, ਸਿਰ, ਲਤਾਂ ਆਦਿ ਲਿਖੇ ਹਨ, ਪਰ ਅਜ ਕਲ ਦੋ ਚਾਰ ਬਾਹਾਂ, ਸਿਰਾਂ ਆਦਿ ਵਾਲੇ ਆਦਮੀ ਬੀ ਦੇਖਣ ਵਿਚ ਨਹੀਂ ਆਏ। ਹਿੰਦੂ ਗ੍ਰੰਥਾਂ ਵਿਚ ਵਿਸ਼ਨੂੰ ਜੀ ਦੇ ਅਵਤਾਰ ਮਛ, ਕਛ, ਸੂਰ, ਹੰਸ ਆਦਿ ਕਈ ਮਾਨੁਖ ਜ਼ਾਤੀ ਤੋਂ ਬਾਹਰ ਜੂਨਾਂ ਅਰਥਾਤ ਪਸੂ ਪੰਛੀ ਆਦਿ ਭੀ ਦਸੇ ਹਨ ਜਿਸ ਤੋਂ ਮਾਨੁਖ ਦੀ ਸਰਦਾਰੀ (ਸਰੋਮਣਤਾ) ਦਾ ਦਰਜਾ ਭੀ ਉਡ ਜਾਂਦਾ ਹੈ, ਪਾਠਕਾਂ ਦੀ ਗਜਾਤ ਲਈ ਅਗੇ ਕੁਛਕ ਐਸੀ ਹਸਤੀਆਂ ਦੇ ਨਾਮ ਤੇ ਜੀਵਨਾਂ ਦਾ ਸੰਖੇਪ ਦਿੰਦੇ ਹਾਂ, ਇਨ੍ਹਾਂ ਵਿਚੋਂ ਅਕਸਰਾਂ ਦੇ ਨਾਮ ਗੁਰਬਾਣੀ ਵਿਖੇ ਭੀ ਆਏ ਹਨ ਜਿਸ ਕਰਕੇ ਪਾਠਕਾਂ ਨੂੰ ਵਾਕਫੀ ਦੀ ਲੋੜ ਪੈਂਦੀ ਹੈ ਕਈਆਂ ਨੇ ਇਕ ਇਕੋ ਇਸਤ੍ਰੀ ਤੋਂ ਹਜ਼ਾਰਾਂ ਮਾਨੁਖਾਂ ਦੀ ਉਤਪਤੀ ਹੋਣੀ ਮੰਨੀ ਹੈ। ਇਸ ਪ੍ਰਕਾਰ ਦੇ ਕਿਤਨੇ ਹੀ ਪ੍ਰਸੰਗ ਗ੍ਰੰਥ ਸ੍ਰਿਸਟੀ ਰਚਨਾ ਵਿਖੇ ਲਿਖੇ ਹਨ ਅਰ ਇਥੇ ਭੀ ਪ੍ਰਸੰਗ ਅਨੁਸਾਰ ਲਿਖਦੇ ਹਾਂ।

ਲਾਲ ਸਿੰਘ, ਕਰਤਾ–ਸ੍ਰਿਸਟੀ ਰਚਨਾ ਆਦਿ।

(੧) ਅਸ੍ਵਿਨੀ ਕੁਮਾਰ ਕੇਤੇ (ਪ: ੧੦)–ਨਿਰੁਕਤ ਹਰਵੰਸ ਗ੍ਰੰਥ ਦੀ ਕਥਾ ਹੈ ਕਿ ਇਹ ਦੋਵੇਂ ਦੇਵਤੇ ਸੰਝ ਤੇ ਸਵੇਰ ਦੇ ਪਹਿਰੇਦਾਰ ਹਨ। ਇਨ੍ਹਾਂ ਨੂੰ ਦੇਵਤਿਆਂ ਦੇ ਹਕੀਮ (ਡਾਕਟਰ) ਮੰਨਿਆਂ ਜਾਂਦਾ ਹੈ । ਇਨ੍ਹਾਂ ਦੀ ਪੈਦਾਇਸ਼ ਇਸ ਪ੍ਰਕਾਰ ਦੱਸੀ ਹੈ:–

ਅਖੇ ਸੂਰਜ ਭਗਵਾਨ ਦੀ ਇਸਤ੍ਰੀ ਸੰਗਯਾ ਨੇ ਸੂਰਜ ਦਾ ਤੇਜ਼ ਨਾ ਸਹਾਰਕੇ ਆਪਣੀ ਥਾਂ ਇਕ 'ਛਾਯਾ' ਨਾਮ ਦੀ ਬਨੌਟੀ ਇਸਤ੍ਰੀ ਰਚ ਦਿਤੀ ਤੇ ਆਪ ਘੋੜੀ ਬਣ ਕੇ ਜੰਗਲ ਨੂੰ ਚਲੀ ਗਈ । ਸੂਰਜ ਨੂੰ ਜਦੋਂ ਇਸ ਫਰੇਬ ਦਾ ਪਤਾ ਲਗਿਆ ਤਾਂ ਓਹ ਘੋੜਾ ਬਣ ਕੇ ਪਿਛੇ ਗਿਆ, ਜਿਸ ਤੋਂ ਅਸ੍ਵਿਨੀ, ਕੁਮਾਰ ਦੋ ਜੋੜੇ ਪੁੱਤ੍ਰ ਪੈਦਾ ਕੀਤੇ। ਇਨ੍ਹਾਂ ਨੂੰ ਹਿੰਦੂ ਗ੍ਰੰਥਾਂ ਵਿਚ ਦੇਵਤੇ ਮੰਨਿਆਂ ਹੈ । ਮੂੰਹ ਇਨ੍ਹਾਂ ਦਾ ਘੋੜੇ ਦਾ ਹੁੰਦਾ ਹੈ । ਮਹਾਂਭਾਰਥ ਵਿਚ ਹੋਰ ਇਕ ਕਥਾ ਲਿਖੀ ਮਿਲਦੀ ਹੈ ਕਿ "ਰਾਜਾ ਪੰਡੂ ਦੀ ਇਸਤ੍ਰੀ ਮਾਦ੍ਰੀ ਨੇ ਅਸ੍ਵਨੀ ਕੁਮਾਰਾਂ ਨਾਲ ਸੰਜੋਗ ਕਰਕੇ ਸਹਿਦੇਵ ਅਤੇ ਨਕੁਲ ਦੋ ਪੁਤ੍ਰ ਪੈਦਾ ਕੀਤੇ ਸਨ । ਮਾਦ੍ਰੀ ਵਿਧਵਾ ਸੀ। ਅਰਜਨ ਤੇ ਭੀਮ ਅਰ ਯੁਧਿਸਟਰ ਇਨ੍ਹਾਂ ਦੇ ਮਤ੍ਰਏ ਭਰਾ ਸਨ। ਅਸ੍ਵਿਨੀ ਕੁਮਾਰ ਦੇਵਤੇ ਦੀ ਇਕੱਠੀ ਤਸਵੀਰਾਂ ਜੰਤ੍ਰੀਆਂ ਵਿਚ ਬੀ ਹੁੰਦੀਆਂ ਹਨ।

(੨) ਕਿੰਨਰਾਂ ਤੇ ਪਿਸਾਚਾਂ ਦਾ ਧੜ ਮਾਨੁਖ ਦਾ ਅਰ ਮੂੰਹ ਘੋੜੇ ਦਾ ਹੈ। ਇਹ ਰਿਖੀ ਮੰਨੇ ਹਨ ਜੋ ਕਿ ਪੁਲਸਤਯ ਦੀ ਉਲਾਦ ਵਿਚੋਂ ਹੈ। ਕੁਬੇਰ ਦੀ ਕਚਹਿਰੀ ਵਿਚ ਜਦੋਂ ਗੰਧਰਵ ਰਾਗ ਕਰਦੇ ਹਨ ਤਾਂ ਉੱਥੇ ਕਿੰਨਰ ਨਚਦੇ ਦਸੇ ਹਨ। ਸ੍ਵਰਗ ਲੋਕ ਦਾ ਭੀ ਏਹੀ ਰਾਗੀ ਜੱਥਾ ਹੈ। ਕਿੰਨਰਾਂ ਦੀਆਂ ਕਿੰਨਰਨੀਆਂ ਘੋੜ ਮੂੰਹੀਆਂ ਮੰਨੀਆਂ ਹਨ । ਇਹ ਬੀ ਨਚਾਰਨਾਂ ਇਸਤ੍ਰੀਆਂ ਹਨ ਜਛਾਂ ਕਿੰਨਰਾਂ ਤੇ ਪਿਸਾਚਾਂ ਦਾ ਨਾਮ (ਜ਼ਿਕਰ) ਗੁਰਬਾਣੀ ਵਿਚ ਔਂਦਾ ਹੈ।

(੩) ਸ੍ਰਿੰਗੀ ਰਿਖੀ–ਸਿੰਗਾਂ ਵਾਲਾ ਦਸਿਆ ਹੈ ਇਸ ਦੀ ਜਨਮ ਕਥਾ ਇਸ ਤਰਾਂ ਲਿਖੀ ਹੈ ਕਿ ਵਿਭਾਂਡਕ ਰਿਖੀ ਦਾ ਬੀਰਜ ਅੱਪਛਰਾਂ ਉਰਵਸੀ ਨੂੰ ਵੇਖ ਕੇ ਪਾਣੀ ਵਿਚ ਡਿਗ ਪਿਆ, ਜਿਸ ਨੂੰ ਪਾਣੀ ਦੁਆਰੇ ਮ੍ਰਿਗੀ ਨੇ ਪੀ ਲਿਆ ਉਸ ਤੋਂ ਸ੍ਰਿੰਗੀ ਰਿਖੀ ਜੰਮਿਆਂ, ਇਹ ਵਿਭਾਂਡਕ ਰਿਖੀ ਦੇ ਆਸ਼੍ਰਮ ਵਿੱਚ ਰਿਹਾ ਅਰ ਬਤੌਰ ਪੁੱਤ੍ਰ ਦੇ ਪਾਲਿਆ ਸੀ।

ਲਿਖਿਆ ਹੈ ਕਿ ਇਕ ਵੇਰ ਅੰਗ ਦੇਸ਼ ਵਿਚ ਮੀਂਹ ਨਾ ਪੈਣ ਕਰਕੇ ਪਾਂਧਿਆਂ ਦੇ ਕਹੇ ਸ੍ਰਿੰਗੀ ਰਿਖੀ ਨੂੰ ਵੇਸਵਾਵਾਂ ਦੇ ਜਾਲ ਵਿਚ ਫਸਾ ਕੇ ਮੰਗਵਾਇਆ ਸੀ ਰਾਜੇ ਨੇ ਆਪਣੀ ਪਾਲਤੂ ਲੜਕੀ ਸ਼ਾਂਤਾ ਸ੍ਰਿੰਗੀ ਨੂੰ ਵਿਵਾਹ ਦਿਤੀ ਜੋ (ਅਸਲੋਂ) ਰਾਜਾ ਦਸਰਥ ਦੀ ਪੁੱਤ੍ਰੀ ਦੱਸੀ ਹੈ ਰਿਖੀ ਸ੍ਰਿੰਗੀ ਲੋਮਸ ਦਾ ਚੇਲਾ ਦਸਿਆ ਹੈ, ਇਸ ਨੂੰ ਹਿੰਦੂ ਗ੍ਰੰਥ ਮ੍ਰਿਗੀ ਦਾ ਬੱਚਾ ਸਿੱਧ ਕਰਦੇ ਹੈਨ। ਲਿਖਿਆ ਹੈ ਕਿ ਇਸ ਨੇ ਅੰਗ ਦੇਸ ਤੋਂ ਜਾਣ ਤੋਂ ਪਹਿਲੇ ਇਸਤ੍ਰੀ ਨਹੀਂ ਵੇਖੀ ਸੀ ਵੱਡਾ ਤਪ ਕੀਤਾ।

(੪) ਬ੍ਰਹਮਣਾਂ ਦਾ ਵਡੇਰਾ–ਭ੍ਰਿਗੁ ਅਗਨਿ ਦਾ ਪੁਤ੍ਰ ਅਰ ਅੰਗਿਰਾ



ਬ੍ਰਹਮਾਂ ਅਤੇ ਬ੍ਰਹਮਾਂ ਦਾ ਸੁੱਤ੍ਰ ਕਿਧਰੇ ਤਿੰਨੇ ਬ੍ਰਹਮਾਂ ਦੇ ਵੀ ਰਬ ਤੋਂ ਲਿਖੇ ਹਨ, ਭ੍ਰਿਗੁ ਰਿਖੀ ਮਨੂੰ ਸਿਮ੍ਰਤੀ ਦਾ ਕਰਤਾ ਮੰਨਿਆਂ ਹੈ। ਪੰਡਿਤ ਭ੍ਰਿਗੁ ਨੇ ਪ੍ਰੀਖਿਆ ਲਈ ਵਿਸ਼ਨੂੰ ਦੇ ਲੱਤ ਮਾਰੀ ਸੀ, ਜਿਸ ਤੋਂ ਓਹ ਸ਼ਾਂਤ ਰਹਿ ਕੇ ਪੂਜਯ ਜੋਗ ਸਿੱਧ ਹੋਏ। ਭ੍ਰਿਗੂ ਨੇ ਵਿਸ਼ਨੂੰ ਜੀ ਦੇ ਲਤ ਮਾਰਨੀਂ ਪ੍ਰਸਿੱਧ ਕਥਾ ਹੈ । ਭ੍ਰਿਗੂ ਦੀ ਪੈਦਾਇਸ਼ ਅਗਨ ਤੋਂ ਹੋਣ ਕਰਕੇ ਇਸ ਦੀ ਵੰਸ ਅਗਨ ਪੁੱਤ੍ਰ ਹੈ ਜਿਸ ਦਾ ਕੰਮ ਦਗਧ ਕਰਨਾ ਹੈ, ਅਗਨੀ ਦੇ ਪੁਤ੍ਰ ਹੋਰ ਭੀ ਲਿਖੇ ਹਨ ਜਿਹਾ 'ਮਹਾਂ ਕਾਲ' ਅਰਥਾਤ ਕਾਲ ਦਾ ਕਾਲ (ਵੱਡਾ ਕਾਲ) ਸ਼ਿਵਜੀ। ਮਹਾਂਕਾਲ ਦੇ ਅਰਥ ਯਮਰਾਜ ਬੀ ਹਨ ।

ਪੁਨਾ–ਲੰਬਾ ਸਮਾਂ ਤਥਾ ਅਨੰਤ ਰੂਪ ਕਾਲ । ਕਈ ਮਤ ਸਮੇਂ ਨੂੰ ਹੀ ਕਾਲ ਕਹਿੰਦੇ ਹਨ, ਇਸੇ ਕਰਕੇ ਇਹ ਸਮੇਂ ਦਾ ਸਮਾਂ (ਮਹਾਂਕਾਲ) ਹੈ।

ਸ਼ਿਵਜੀ ਦੇ ਇਕ ਪੁਤ੍ਰ ਦਾ ਨਾਮ ਮਹਾਂਕਾਲ ਲਿਖਿਆ ਹੈ, ਸ਼ਿਵਜੀ ਇਕ ਵਾਰ ਆਪਣੇ ਵੀਰਜ ਨੂੰ ਅਗਨ ਵਿਚ ਸਥਾਪਣ ਕਰਨ ਲੱਗਾ ਤਾਂ ਦੋ ਬੂੰਦਾਂ ਬਾਹਰ ਗਿਰਨੇ ਸੇ ਮਹਾਂਕਾਲ ਤੇ ਭ੍ਰਿੰਗੀ ਜਨਮੇਂ।

ਪੁੱਤ੍ਰ ਗੁਰੂ ਜੀ ਨੇ ਮਹਾਂ ਕਾਲ ਅਕਾਲ ਪੁਰਖ ਨੂੰ ਦਸਿਆ ਹੈ–ਗਜਾਨ ਹੂੰ ਕੇ ਗਜਾਤਾ ਮਹਾਂ ਬੁੱਧਿਤਾ ਕੇ ਦਾਤਾ ਦੇਵ, ਕਾਲ ਹੂੰ ਕੇ ਕਾਲ, ਮਹਾਂਕਾਲ ਹੂੰ ਕੇ ਕਾਲ ਹੈਂ (ਅਕਾਲ ਉਸਤਤ) ਮਹਾਂਕਾਲ ਦਾ ਬੀ ਕਾਲ (ਅਕਾਲ ਪੁਰਖ) ਹੈ, ਉਜੈਨ ਵਿਚ ਮਹਾਂਕਾਲ ਨਾਮ ਦਾ ਇਕ ਸ਼ਿਵਲਿੰਗ ਮੰਦਰ ਹੈ । ਪੁੱਤ੍ਰ ਚੌਪਈ ਪਾ: ੧੦ ਵਿਖੇ "ਮਹਾਂਕਾਲ ਰਖਵਾਰ ਹਮਾਰੋ" ਲਿਖ ਕੇ, ਅਕਾਲ ਪੁਰਖ ਨੂੰ ਸੰਬੋਧਨ ਕੀਤਾ ਹੈ।

ਗੁਰੂ ਜੀ ਨੇ ਸੰਸਾਰ ਕਲਪਤ ਯਾਂ ਮਿਥਤੀ ਨਾਮ ਅਕਾਲ ਪੁਰਖ ਵਲ ਜੋੜ ਕੇ ਅਕਾਲ ਭਗਤੀ ਦ੍ਰਿੜਾਈ ਹੈ।

(੫) ਉਲਟੀ ਪੈਦਾਇਸ਼ ਦੀ ਮਾਨਿੰਦ ਸਵਾਰੀ ਭੀ ਉਲਟੀ ਲਿਖੀ ਹੈ। ਅਰਥਾਤ ਹਿੰਦੂ ਮਤ ਵਿਖੇ ਹਰ ਇਕ ਦੇਵਤੇ ਦੀ ਵਖੋ ਵਖ ਸਵਾਰੀ (ਯਾਨ) ਮੰਨੀ ਗਈ ਹੈ।

ਵਿਸ਼ਨੂੰ ਦਾ ਵਾਹਨ ਪੰਛੀ ਗਰੁੜ। ਬ੍ਰਹਮਾ ਅਰ ਸਰਸ੍ਵਤੀ ਦਾ ਹੰਸ ਪੰਛੀ। ਸ਼ਿਵਜੀ ਦਾ ਬੈਲ । ਗਣੇਸ਼ ਦਾ ਚੂਹਾ । ਮੰਗਲ ਅਰ ਅਗਨੀ ਦਾ ਮੀਂਢਾ। ਦੁਰਗਾ ਅਰ ਬੁਧ ਦਾ ਸ਼ੇਰ। ਇੰਦਰ ਦਾ ਹਾਥੀ ਅਰ ਘੋੜਾ। ਸੂਰਜ ਦਾ ਰਥ (ਸਤ ਘੋੜੇ ਵਾਲਾ)। ਚੰਦ੍ਰਮਾਂ ਦਾ ਦਸ ਘੋੜਿਆਂ ਵਾਲਾ ਰਥ। ਰਾਹੂ ਅਰ ਸ਼ਨੀ ਦਾ ਗਿਰਝ। ਭੈਰਉਂ (ਭੈਰਵ) ਦਾ ਕੁੱਤਾ। ਕਾਮ ਦੇਵ ਦਾ ਤੋਤਾ। ਯਮ ਦਾ ਝੋਟਾ। ਸੀਤਲਾ ਦਾ ਗਧਾ (ਖੋਤੜਾ)। ਲੱਛਮੀ ਦਾ ਕੰਨ ਖਜੂਰਾ। ਮਨਸਾ ਦੇਵੀ ਦਾ ਸਰਪ। ਕਾਰਤਿਕੇਯ ਦਾ ਮੋਰ। ਕੁਬੇਰ ਦਾ ਨਰ (ਮਾਨੁਖ ਯਾਂ ਦੇਵਤਿਆਂ ਦੀ ਜ਼ਾਤੀ ਦਾ ਨਰ, ਜਿਸ ਦੇ ਮੋਢੇ ਚੜ੍ਹ ਕੇ ਜਾਂਦਾ ਹੈ) ਕੁਬੇਰ ਦੇਵਤਾ ਕੁਸ਼ਟੀ (ਕੋੜ੍ਹੀ) ਮੰਨਿਆਂ ਹੈ।

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.